# ਉਪ-ਚੋਣ ਸੰਖੇਪ

## 2022 ਵਿਧਾਨ ਪਰਿਸ਼ਦ ਚੋਣ ਕਮੇਟੀ ਹਲਕੇ ਦੀ ਉਪ ਚੋਣ ਲਈ ਮਤਦਾਨ ਪ੍ਰਬੰਧ

- ਮਤਦਾਨ ਮਿਤੀ: 18 ਦਸੰਬਰ 2022 (ਐਤਵਾਰ)
- ਮਤਦਾਨ ਦਾ ਸਮਾਂ: ਸਵੇਰ 9:00 ਵਜੇ ਤੋਂ ਸਵੇਰ 11:30 ਵਜੇ ਤੱਕ (ਪੈਨਲ ਸੰਸਥਾਵਾਂ (ਜੇ ਕੋਈ ਹੈ) ਅਤੇ ਪੈਨੀ ਬੇਅ ਦੇ ਮਤਦਾਨ ਕੇਂਦਰ ਵਿਖੇ ਸਥਾਪਤ ਕੀਤੇ ਗਏ ਸਮਰਪਿਤ ਮਤਦਾਨ ਕੇਂਦਰ(ਰਾਂ) ਦਾ ਮਤਦਾਨ ਸਮਾਂ ਸਵੇਰੇ 9:00 ਵਜੇ ਤੋਂ ਸਵੇਰੇ 10:30 ਵਜੇ ਤੱਕ ਹੈ।)

## ਨਾਮਜ਼ਦਗੀ ਦਾ ਸਮਾਂ

- ਨਾਮਜ਼ਦਗੀ ਦਾ ਸਮਾਂ: 1 ਨਵੰਬਰ ਤੋਂ 14 ਨਵੰਬਰ 2022
- ਨਾਮਜ਼ਦਗੀ ਫਾਰਮ ਰਜਿਸਟ੍ਰੇਸ਼ਨ ਅਤੇ ਚੋਣ ਦਫ਼ਤਰ ("REO") (www.reo.gov.hk) ਦੀ ਵੈੱਬਸਾਈਟ ਤੋਂ ਡਾਊਨਲੋਡ ਕੀਤੇ ਜਾ ਸਕਦੇ ਹਨ, ਜਾਂ ਹੇਠਾਂ ਦਿੱਤੇ ਦਫ਼ਤਰਾਂ ਤੋਂ ਮੁਫ਼ਤ ਪ੍ਰਾਪਤ ਕੀਤੇ ਜਾ ਸਕਦੇ ਹਨ:
  - ਜ਼ਿਲ੍ਹਾ ਦਫ਼ਤਰ; ਜਾਂ
  - ਗ੍ਰਹਿ ਮਾਮਲਿਆਂ ਦੇ ਜਾਂਚ ਕੇਂਦਰ; ਜਾਂ
  - ਰਿਟਰਨਿੰਗ ਅਫਸਰ ਦੇ ਦਫਤਰ (13/F, East Wing, Central Government Offices, 2 Tim Mei Avenue, Tamar, Hong Kong); ਜਾਂ
  - REO ਦੇ ਦਫਤਰ (10/F, Harbour Centre, 25 Harbour Road, Wan Chai, Hong Kong or Unit 2301-03, 23/F, Millennium City 6, 392 Kwun Tong Road, Kwun Tong, Kowloon)

## ਚੁਣੇ ਜਾਣ ਵਾਲੇ ਮੈਂਬਰਾਂ ਦੀ ਗਿਣਤੀ

- ਚੋਣ ਕਮੇਟੀ ਹਲਕੇ ਦੇ ਚਾਰ ਮੈਂਬਰ ("ECC")

## ਨਾਮਜ਼ਦਗੀ ਅਤੇ ਉਮੀਦਵਾਰੀ

- ਉਮੀਦਵਾਰ ਦੀ ਉਮਰ 21 ਸਾਲ ਜਾਂ ਵੱਧ ਹੋਣੀ ਚਾਹੀਦੀ ਹੈ; ਇੱਕ ਭੂਗੋਲਿਕ ਚੋਣ ਖੇਤਰ ਲਈ ਇੱਕ ਵੋਟਰ ਵਜੋਂ ਰਜਿਸਟਰ ਹੋਣਾ; ਵਿਧਾਨ ਪਰਿਸ਼ਦ ਆਰਡੀਨੈਂਸ (ਕੈਪ. 542) ਦੀ ਧਾਰਾ 39 ਦੇ ਆਧਾਰ 'ਤੇ ਚੁਣੇ ਜਾਣ ਲਈ ਅਯੋਗ ਨਹੀਂ ਠਹਿਰਾਇਆ ਗਿਆ ਹੋਵੇ; ਆਮ ਤੌਰ 'ਤੇ ਉਹ ਨਾਮਜ਼ਦਗੀ ਦੀ ਮਿਤੀ ਤੋਂ ਤੁਰੰਤ ਪਹਿਲਾਂ 3 ਸਾਲਾਂ ਲਈ ਹਾਂਗਕਾਂਗ ਵਿੱਚ ਰਹਿ ਰਿਹਾ ਹੋਵੇ; ਅਤੇ ਇੱਕ ਚੀਨੀ ਨਾਗਰਿਕ ਹੋਵੇ ਜੋ ਹਾਂਗਕਾਂਗ ਦਾ ਸਥਾਈ ਨਿਵਾਸੀ ਹੈ ਜਿਸ ਨੂੰ ਪੀਪਲਜ਼ ਰੀਪਬਲਿਕ ਆਫ ਚਾਈਨਾ ਤੋਂ ਇਲਾਵਾ ਕਿਸੇ ਹੋਰ ਦੇਸ਼ ਵਿੱਚ ਰਹਿਣ ਦਾ ਕੋਈ ਅਧਿਕਾਰ ਨਹੀਂ ਹੈ। ਉਮੀਦਵਾਰ ਨੂੰ ਚੋਣ ਕਮੇਟੀ ("EC") ਦਾ ਮੈਂਬਰ ਹੋਣ ਦੀ ਲੋੜ ਨਹੀਂ ਹੈ।
- ਹਰੇਕ ਉਮੀਦਵਾਰ ਨੂੰ 10 ਤੋਂ ਘੱਟ ਨਹੀਂ, ਪਰ 20 ਤੋਂ ਵੱਧ ਨਹੀਂ, EC ਦੇ ਮੈਂਬਰ ਦੁਆਰਾ ਨਾਮਜ਼ਦਗੀ ਪ੍ਰਾਪਤ ਹੋਵੇ, ਜਿਸ ਵਿੱਚ EC ਦੇ 5 ਖੇਤਰਾਂ ਵਿੱਚੋਂ ਹਰੇਕ ਦੇ 2 ਤੋਂ ਘੱਟ ਨਹੀਂ ਪਰ 4 ਤੋਂ ਵੱਧ ਮੈਂਬਰ ਸ਼ਾਮਲ ਹਨ।
- EC ਦਾ ਹਰੇਕ ਮੈਂਬਰ ਸਿਰਫ 1 ਉਮੀਦਵਾਰ ਨਾਮਜ਼ਦ ਕਰ ਸਕਦਾ ਹੈ।

**<u>ਮਤਦਾਨ</u>**

- ਨਾਮਜ਼ਦ ਵਿਅਕਤੀਆਂ ਦੀ ਸੂਚੀ ਦੇ ਆਧਾਰ 'ਤੇ, ਗੁਪਤ ਮਤਦਾਨ ਦੁਆਰਾ ਆਪਣੀ ਵੋਟ ਪਾਉਣਗੇ। ਬੈਲਟ ਪੇਪਰ ਤਾਂ ਹੀ ਵੈਧ ਹੁੰਦਾ ਹੈ ਜੇਕਰ ਬੈਲਟ ਪੇਪਰ ਵਿੱਚ ਮੌਜੂਦ ਵੋਟਾਂ ਦੀ ਗਿਣਤੀ ਵਾਪਸ ਕੀਤੇ ਜਾਣ ਵਾਲੇ ਮੈਂਬਰਾਂ ਦੀ ਗਿਣਤੀ ਦੇ ਬਰਾਬਰ ਹੋਵੇ। ਸਭ ਤੋਂ ਵੱਧ ਵੋਟਾਂ ਪ੍ਰਾਪਤ ਕਰਨ ਵਾਲੇ ਚਾਰ ਉਮੀਦਵਾਰਾਂ ਨੂੰ ਉਪ-ਚੋਣ ਵਿੱਚ ਵਾਪਸ ਜਾਣਗੇ।

**<u>ਵੋਟ ਕੌਣ ਪਾ ਸਕਦਾ ਹੈ</u>**

- ਉਹ ਮੈਂਬਰ ਜਿਨ੍ਹਾਂ ਦੇ ਨਾਂ EC ਦੇ ਅੰਤਿਮ ਰਜਿਸਟਰ ਵਿੱਚ ਸ਼ਾਮਲ ਕੀਤੇ ਗਏ ਹਨ, ਉਹ ਨਾਮਜ਼ਦ ਕਰਨ ਅਤੇ ਵੋਟ ਪਾਉਣ ਦੇ ਯੋਗ ਹਨ।

**<u>ਕਿੱਥੇ ਵੋਟ ਪਾਉਣੀ ਹੈ</u>**

- ਵੋਟਰਾਂ ਲਈ ਆਪਣੀ ਵੋਟ ਪਾਉਣ ਲਈ ਇੱਕ ECC ਮਤਦਾਨ ਕੇਂਦਰ ਸਥਾਪਤ ਕੀਤਾ ਜਾਵੇਗਾ।
- ਹਿਰਾਸਤ ਵਿੱਚ ਲਏ ਗਏ ਵੋਟਰਾਂ ਨੂੰ ਦੰਡ ਸੰਸਥਾ ਜਾਂ ਪੁਲਿਸ ਥਾਣੇ, ਜੋ ਵੀ ਢੁਕਵਾਂ ਹੋਵੇ ਵਿੱਚ ਸਮਰਪਿਤ ਮਤਦਾਨ ਕੇਂਦਰ 'ਤੇ ਵੋਟ ਪਾਉਣ ਦਾ ਪ੍ਰਬੰਧ ਕੀਤਾ ਜਾਵੇਗਾ।
- ਪੈਨੀ ਬੇ ਮਤਦਾਨ ਕੇਂਦਰ ਉਨ੍ਹਾਂ ਵੋਟਰਾਂ ਲਈ ਸਥਾਪਤ ਕੀਤਾ ਜਾਵੇਗਾ, ਜੋ ਮਤਦਾਨ ਵਾਲੇ ਦਿਨ ECC ਮਤਦਾਨ ਕੇਂਦਰ 'ਤੇ ਵੋਟ ਪਾਉਣ ਲਈ ਸਥਾਨਕ ਇਕਾਂਤਵਾਸ ਜਾਂ ਕੁਆਰੰਟੀਨ ਉਪਾਵਾਂ ਕਾਰਨ ਆਪਣੀ ਵੋਟ ਪਾਉਣ ਵਿੱਚ ਅਸਮਰੱਥ ਹਨ।
- ਮਤਦਾਨ ਵਾਲੇ ਦਿਨ ਤੋਂ ਘੱਟੋ ਘੱਟ 10 ਦਿਨ ਪਹਿਲਾਂ ਵੋਟਰ ਨੂੰ ਇੱਕ ਵੋਟਿੰਗ ਕਾਰਡ ਜਾਰੀ ਕੀਤਾ ਜਾਵੇਗਾ, ਜਿਸ ਵਿੱਚ ਮਨੋਨੀਤ ਮਤਦਾਨ ਕੇਂਦਰ ਬਾਰੇ ਜਾਣਕਾਰੀ ਦਿੱਤੀ ਗਈ ਹੈ।
- ਮਤਦਾਨ ਕੇਂਦਰ ਵਿਸ਼ੇਸ਼ ਲੋੜਾਂ ਵਾਲੇ ਵਿਅਕਤੀਆਂ (ਵੀਲ੍ਹਚੇਅਰ ਦੀ ਵਰਤੋਂ ਕਰਨ ਵਾਲੇ ਜਾਂ ਪੈਦਲ ਚੱਲਣ ਵਿੱਚ ਮੁਸ਼ਕਿਲ ਵਾਲੇ ਵਿਅਕਤੀ) ਵਾਸਤੇ ਪਹੁੰਚਣਯੋਗ ਹੁੰਦੇ ਹਨ।
- ਜੇ ਵੋਟਰਾਂ ਨੂੰ ਵੋਟਾਂ ਪਾਉਣ ਬਾਰੇ ਜਾਣਕਾਰੀ ਦੀ ਵਿਆਖਿਆ ਕਰਨ ਵਿੱਚ ਸਹਾਇਤਾ ਦੀ ਲੋੜ ਪੈਂਦੀ ਹੈ, ਤਾਂ ਉਹ ਘੱਟ ਗਿਣਤੀ ਲੋਕਾਂ ਦੀ ਏਕਤਾ ਅਤੇ ਤੱਰਕੀ ਲਈ ਕੇਂਦਰ ("CHEER") ਨੂੰ ਹੇਠ ਲਿੱਖੀਆਂ ਹੋਟਲਾਈਨਾਂ ਰਾਹੀਂ ਕਾੱਲ ਕਰ ਸਕਦੇ ਹਨ।

| ਭਾਸ਼ਾ | ਹੌਟਲਾਈਨ ਨੰਬਰ |
|---|---|
| ਬਹਾਸਾ ਇੰਡੋਨੇਸ਼ੀਆ | 3755 6811 |
| ਹਿੰਦੀ | 3755 6877 |
| ਨੇਪਾਲੀ | 3755 6822 |
| ਪੰਜਾਬੀ | 3755 6844 |
| ਤਗਾਲੋਗ | 3755 6855 |
| ਥਾਈ | 3755 6866 |
| ਉਰਦੂ | 3755 6833 |
| ਵੀਅਤਨਾਮੀ | 3755 6888 |

## ਵੋਟ ਕਿਵੇਂ ਪਾਉਣੀ ਹੈ

- ਆਪਣੇ ਮਨੋਨੀਤ ਮਤਦਾਨ ਕੇਂਦਰ ਵਿੱਚ ਆਪਣਾ ਹਾਂਗਕਾਂਗ ਸ਼ਨਾਖਤੀ ਕਾਰਡ ("HKID ਕਾਰਡ") ਜਾਂ ਹੋਰ ਨਿਰਾਧਰਿਤ ਦਸਤਾਵੇਜ਼ਾਂ (ਵੇਰਵਿਆਂ ਲਈ ਕਿਰਪਾ ਕਰਕੇ ਹੇਠਾਂ "ਬੈਲਟ ਪੇਪਰ ਇਕੱਤਰ ਕਰਨ ਲਈ ਲੋੜੀਂਦੇ ਦਸਤਾਵੇਜ਼" ਭਾਗ ਤੇ ਜਾਓ) 18 ਦਸੰਬਰ 2022 (ਐਤਵਾਰ) ਨੂੰ ਵੋਟਿੰਗ ਦੇ ਸਮੇਂ (ਸਵੇਰ 9:00 ਵਜੇ ਤੋਂ ਸਵੇਰ 11:30 ਵਜੇ ਤੱਕ) ਦੌਰਾਨ (ਪੈਨਲ ਸੰਸਥਾਵਾਂ (ਜੇ ਕੋਈ ਹੈ) ਅਤੇ ਪੈਨੀ ਬੇ ਮਤਦਾਨ ਕੇਂਦਰ ਵਿਖੇ ਸਥਾਪਤ ਕੀਤੇ ਗਏ 'ਤੇ ਸਮਰਪਿਤ ਮਤਦਾਨ ਕੇਂਦਰ(ਰਾਂ) ਦਾ ਮਤਦਾਨ ਸਮਾਂ ਸਵੇਰੇ 9:00 ਵਜੇ ਤੋਂ ਸਵੇਰੇ 10:30 ਵਜੇ ਤੱਕ ਹੈ।) ਨੂੰ ਲੈਕੇ ਆਓ ਅਤੇ ਇਸਨੂੰ ਮਤਦਾਨ ਕੇਂਦਰ ਦੇ ਅੰਦਰ ਪੋਲਿੰਗ ਸਟਾਫ਼ ਨੂੰ ਸੌਂਪ ਦਿਓ। ਪੋਲਿੰਗ ਸਟਾਫ ਤੁਹਾਨੂੰ ਕੁਝ ਸਮੇਂ ਲਈ ਆਪਣੇ ਚਿਹਰੇ ਦੇ ਮਾਸਕ ਨੂੰ ਹਟਾਉਣ ਅਤੇ ਇੱਕ ਵਿਜ਼ੂਅਲ ਚੈੱਕ ਕਰਨ ਲਈ ਕਹੇਗਾ। ਪੋਲਿੰਗ ਸਟਾਫ਼ ਤੁਹਾਡੇ HKID ਕਾਰਡ ਨੂੰ ਸਕੈਨ ਕਰਨ ਲਈ ਇਲੈਕਟ੍ਰਾਨਿਕ ਵੋਟਿੰਗ ਰਜਿਸਟਰ ("EPR") ਸਿਸਟਮ ਤੋਂ ਇੱਕ ਟੈਬਲੇਟ ਦੀ ਵਰਤੋਂ ਕਰੇਗਾ ਤਾਂ ਜੋ ਇਹ ਜਾਂਚ ਕੀਤੀ ਜਾ ਸਕੇ ਕਿ ਤੁਸੀਂ ਇੱਕ ECC ਵੋਟਰ ਹੋ। ਪੁਸ਼ਟੀਕਰਨ ਦੇ ਬਾਅਦ, ਪੋਲਿੰਗ ਸਟਾਫ਼ ਤੁਹਾਨੂੰ ਵੋਟਾਂ ਦੇਵੇਗਾ ਅਤੇ EPR ਪ੍ਰਣਾਲੀ ਤੁਹਾਨੂੰ ਵੋਟਾਂ ਜਾਰੀ ਕਰਨ ਨੂੰ ਰਿਕਾਰਡ ਕਰੇਗੀ।
- ਤੁਹਾਨੂੰ ਇੱਕ ਕਾਲਾ ਪੈੱਨ ਵੀ ਦਿੱਤਾ ਜਾਵੇਗਾ। ਇਸ ਤੋਂ ਬਾਅਦ, ਤੁਹਾਨੂੰ ਤੁਰੰਤ ਵੋਟਿੰਗ ਕੰਪਾਰਟਮੈਂਟਾਂ ਵਿੱਚੋਂ ਇੱਕ ਵਿੱਚ ਜਾਣਾ ਚਾਹੀਦਾ ਹੈ।
- ਕਿਰਪਾ ਕਰਕੇ ਪੋਲਿੰਗ ਸਟਾਫ਼ ਵੱਲੋਂ ਦਿੱਤੀਆਂ ਹਿਦਾਇਤਾਂ ਦੇ ਨਾਲ-ਨਾਲ ਵੋਟਾਂ ਅਤੇ ਵੋਟਿੰਗ ਰੂਮ ਦੇ ਅੰਦਰਲੀਆਂ ਹਿਦਾਇਤਾਂ ਦੀ ਪਾਲਣਾ ਕਰੋ, ਅਤੇ ਵੋਟਿੰਗ ਕਮਰੇ ਦੇ ਅੰਦਰ ਬੈਲਟ ਪੇਪਰ 'ਤੇ ਨਿਸ਼ਾਨ ਲਗਾਓ।
  - ਤੁਹਾਨੂੰ ਬੈਲਟ ਪੇਪਰ 'ਤੇ ਪੰਜ ਤੋਂ ਵੱਧ ਜਾਂ ਘੱਟ ਉਮੀਦਵਾਰਾਂ ਨੂੰ ਵੋਟ ਨਹੀਂ ਦੇਣੀ ਚਾਹੀਦੀ। ਤੁਹਾਨੂੰ ਆਪਣੀ ਪਸੰਦ ਦੇ ਉਮੀਦਵਾਰਾਂ ਦੇ ਨਾਮ ਦੇ ਸਾਹਮਣੇ ਕਾਲੇ ਰੰਗ ਨਾਲ ਚੱਕਰ ਭਰਨ ਲਈ ਮਤਦਾਨ ਕੇਂਦਰ ਦੁਆਰਾ ਦਿੱਤੇ ਪੈੱਨ ਦੀ ਵਰਤੋਂ ਕਰਨੀ ਚਾਹੀਦੀ ਹੈ।
- ਹਰੇਕ ਪੋਲਿੰਗ ਰੂਮ ਦੀ ਵਰਤੋਂ ਇੱਕ ਸਮੇਂ 'ਤੇ ਕੇਵਲ ਇੱਕ ਵੋਟਰ ਦੁਆਰਾ ਕੀਤੀ ਜਾਣੀ ਚਾਹੀਦੀ ਹੈ। ਵੋਟ ਦੀ ਖੁਦਮੁਖਤਿਆਰੀ ਅਤੇ ਵੋਟਾਂ ਦੀ ਗੁਪਤਤਾ ਦੇ ਸਿਧਾਂਤਾਂ ਦੇ ਆਧਾਰ 'ਤੇ, ਕਾਨੂੰਨ ਦੇ ਤਹਿਤ ਵੋਟਰ ਨੂੰ ਵੋਟ ਪਾਉਣ ਲਈ ਕਿਸੇ ਨੂੰ ਵੀ (ਭਾਵੇਂ ਉਹ ਕੋਈ ਰਿਸ਼ਤੇਦਾਰ ਜਾਂ ਵੋਟਰ ਦਾ ਦੋਸਤ ਹੋਵੇ) ਲੈਣ ਜਾਂ ਸਹਾਇਤਾ ਕਰਨ ਦੀ ਮਨਾਹੀ ਹੈ।
- ਕਾਨੂੰਨ ਅਨੁਸਾਰ, ਇੱਕ ਵੋਟਰ ਜਿਸਨੂੰ ਖੁਦ ਵੋਟਾਂ ਦੀ ਨਿਸ਼ਾਨਦੇਹੀ ਕਰਨ ਵਿੱਚ ਮੁਸ਼ਕਿਲ ਆਉਂਦੀ ਹੈ, ਉਹ ਇੱਕ ਗਵਾਹ ਵਜੋਂ ਪੋਲਿੰਗ ਸਟਾਫ਼ ਦੀ ਮੌਜੂਦਗੀ ਵਿੱਚ ਪ੍ਰਧਾਨਗੀ ਕਰਨ ਵਾਲੇ ਅਫ਼ਸਰ ("PRO") ਜਾਂ PRO ਦੇ ਨੁਮਾਇੰਦੇ ਤੋਂ ਮਦਦ ਲੈ ਸਕਦਾ ਹੈ, ਤਾਂ ਜੋ ਉਹ ਆਪਣੀ ਵੋਟ ਦੀ ਚੋਣ ਅਨੁਸਾਰ ਆਪਣੀ ਤਰਫ਼ੋਂ ਵੋਟਾਂ ਦੀ ਨਿਸ਼ਾਨਦੇਹੀ ਕਰ ਸਕੇ।
- ਤੁਹਾਨੂੰ ਆਪਣੀ ਬੈਲਟ ਪੇਪਰ ਨੂੰ ਤਹਿ ਨਹੀਂ ਕਰਨਾ ਚਾਹੀਦਾ। ਵੋਟਾਂ 'ਤੇ ਨਿਸ਼ਾਨ ਲਗਾਉਣ ਦੇ ਬਾਅਦ, ਤੁਸੀਂ ਇਹ ਜਾਂਚ ਕਰਨ ਲਈ ਮਤਦਾਨ ਕੇਂਦਰ 'ਤੇ ਲਗਾਈ ਇੱਕ ਆਪਟੀਕਲ ਮਾਰਕ ਪਛਾਣ ਮਸ਼ੀਨ ਦੀ ਵਰਤੋਂ ਕਰਨ ਦੀ ਚੋਣ ਕਰ ਸਕਦੇ ਹੋ ਕਿ ਤੁਹਾਡੇ ਵੱਲੋਂ ਵੋਟਾਂ 'ਤੇ ਨਿਸ਼ਾਨਦੇਹੀ ਕੀਤੇ ਉਮੀਦਵਾਰਾਂ ਦੀ ਸੰਖਿਆ ਪੰਜ ਤੋਂ ਵੱਧ ਜਾਂ ਘੱਟ ਨਾ ਹੋਵੇ। ਮਤਦਾਨ ਕੇਂਦਰ 'ਤੇ ਰੱਖੀ ਆਪਟੀਕਲ ਮਾਰਕ ਪਛਾਣ ਮਸ਼ੀਨ ਬੈਲਟ ਪੇਪਰ 'ਤੇ ਲਿਖੀ ਤੁਹਾਡੀ ਚੋਣ ਨੂੰ ਰਿਕਾਰਡ ਨਹੀਂ ਕਰੇਗੀ ਜਾਂ ਗਿਣੇਗੀ।
- ਇਸਦੇ ਬਾਅਦ ਤੁਹਾਨੂੰ ਬੈਲਟ ਪੇਪਰ ਨੂੰ ਮਤਦਾਨ ਕੇਂਦਰ ਵੱਲੋਂ ਪ੍ਰਦਾਨ ਕੀਤੇ ਲਿਫਾਫੇ ਵਿੱਚ ਪਾਉਣਾ ਚਾਹੀਦਾ ਹੈ ਅਤੇ ਲਿਫਾਫੇ ਵਿੱਚ ਰੱਖੇ ਬੈਲਟ ਪੇਪਰ ਨੂੰ ਬੈਲਟ ਬਾਕਸ ਵਿੱਚ ਪਾ ਦੇਣਾ ਚਾਹੀਦਾ ਹੈ।

- ਜੇ ਤੁਸੀਂ ਵੋਟਾਂ ਦੀ ਨਿਸ਼ਾਨਦੇਹੀ ਕਰਨ ਵਿੱਚ ਕੋਈ ਗੜਬੜ ਕਰ ਦਿੰਦੇ ਹੋ ਜਾਂ ਅਣਜਾਣੇ ਵਿੱਚ ਬੈਲਟ ਪੇਪਰ ਨੂੰ ਖਰਾਬ ਕਰ ਦਿੰਦੇ ਹੋ, ਤਾਂ ਤੁਸੀਂ ਉਸ ਬੈਲਟ ਪੇਪਰ "PRO" ਨੂੰ ਵਾਪਸ ਕਰ ਸਕਦੇ ਹੋ ਅਤੇ ਇਸਨੂੰ ਬਦਲਣ ਦੀ ਮੰਗ ਕਰ ਸਕਦੇ ਹੋ।

**ਬੈਲਟ ਪੇਪਰਾਂ ਨੂੰ ਪ੍ਰਾਪਤ ਕਰਨ ਲਈ ਲੋੜੀਂਦੇ ਦਸਤਾਵੇਜ਼(ਜ਼ਾਂ)**

- ਮੌਜੂਦਾ ਕਨੂੰਨ ਦੇ ਤਹਿਤ, ਬੈਲਟ ਪੇਪਰ ਲਈ ਅਰਜ਼ੀ ਦੇਣ ਵਾਲੇ ਕਿਸੇ ਵਿਅਕਤੀ ਨੂੰ ਲਾਜ਼ਮੀ ਤੌਰ 'ਤੇ ਆਪਣਾ ਅਸਲੀ HKID ਕਾਰਡ ਜਾਂ ਹੇਠਾਂ ਦਿੱਤੇ ਹੋਰ ਖਾਸ ਦਸਤਾਵੇਜ਼(ਜ਼ਾਂ) ਦਿਖਾਉਣੇ ਚਾਹੀਦੇ ਹਨ:
    - HKSAR ਦੇ ਯੋਗ ਅਸਲ ਪਾਸਪੋਰਟ ਦੀ ; ਜਾਂ
    - ਛੋਟ ਦਾ ਅਸਲ ਸਰਟੀਫਿਕੇਟ; ਜਾਂ
    - HKID ਕਾਰਡ ਦੀ ਅਰਜ਼ੀ ਦੀ ਪ੍ਰਵਾਨਗੀ ਦੀ ਅਸਲ ਰਸੀਦ; ਜਾਂ
    - ਸਮੁੰਦਰੀ ਕਰਮਚਾਰੀ ਦੀ ਯੋਗ ਅਸਲ ਪਛਾਣ ਪੁਸਤਿਕਾ; ਜਾਂ
    - ਵੀਜ਼ਾ ਮਕਸਦਾਂ ਵਾਸਤੇ ਉਸ ਵਿਅਕਤੀ ਦੇ ਪਛਾਣ ਦੇ ਯੋਗ ਅਸਲ ਦਸਤਾਵੇਜ਼ ; ਜਾਂ
    - ਇੱਕ ਦਸਤਾਵੇਜ਼ ਜਿਸ ਵਿੱਚ ਵਿਅਕਤੀ ਦੇ HKID ਕਾਰਡ ਦੇ ਗੁਆਚਣ ਜਾਂ ਖਰਾਬ ਹੋਣ ਦੀ ਇੱਕ ਪੁਲਿਸ ਅਫਸਰ ਨੂੰ ਰਿਪੋਰਟ ਕੀਤੀ ਹੋਵੇ ਜਾਂ ਛੋਟ ਦਾ ਸਰਟੀਫਿਕੇਟ ਜਾਂ HKID ਕਾਰਡ ਲਈ ਅਰਜ਼ੀ ਦੀ ਅਸਲੀ ਰਸੀਦ (ਆਮ ਤੌਰ ਤੇ "ਗੁਆਚੀ ਸੰਪੱਤੀ ਦਾ ਇੱਕ ਮੈਮੋ" ਵਜੋਂ ਜਾਣਿਆ ਜਾਂਦਾ ਹੈ), ਸਮੇਤ ਵਿਅਕਤੀ ਦਾ ਨਾਮ ਅਤੇ ਫੋਟੋ ਦਰਸਾਉਂਦਾ ਇੱਕ ਅਸਲ ਪ੍ਰਮਾਣਿਕ ਪਾਸਪੋਰਟ ਜਾਂ ਇਸੇ ਤਰ੍ਹਾਂ ਦੇ ਸਫ਼ਰ ਸਬੰਧੀ ਦਸਤਾਵੇਜ਼ (ਜਿਵੇਂ ਕਿ HKSAR ਪਾਸਪੋਰਟ ਤੋਂ ਇਲਾਵਾ ਇੱਕ ਪਾਸਪੋਰਟ ਜਾਂ ਘਰ ਵਾਪਸੀ ਲਈ ਪਰਮਿਟ)।

      * ਬ੍ਰਿਟਿਸ਼ ਨੈਸ਼ਨਲ (ਵਿਦੇਸ਼ੀ) (BN(O)) ਪਾਸਪੋਰਟ ਕੋਈ ਯੋਗ ਯਾਤਰਾ ਦਸਤਾਵੇਜ਼ ਅਤੇ ਪਛਾਣ ਦਾ ਸਬੂਤ ਨਹੀਂ ਹੁੰਦਾ।

- ਵੇਰਵਿਆਂ ਲਈ, ਕਿਰਪਾ ਕਰਕੇ ਚੋਣ ਮਾਮਲੇ ਕਮਿਸ਼ਨ (ਚੋਣ ਪ੍ਰਕਿਰਿਆ) (ਵਿਧਾਨ ਪਰਿਸ਼ਦ) ਨਿਯਮ (ਕੈਪ. 541 D) ਦੀ ਧਾਰਾ 50 ਵੇਖੋ।

**ਲੋੜਵੰਦ ਵੋਟਰਾਂ ਲਈ ਵਿਸ਼ੇਸ਼ ਕਤਾਰ**

- ਸਿਰਫ ਵੋਟਰਾਂ ਨੂੰ ਹੀ ਮਤਦਾਨ ਕੇਂਦਰ ਵਿੱਚ ਦਾਖਲ ਹੋਣ ਦੀ ਆਗਿਆ ਹੈ।
- "ਨਿਰਪੱਖ ਅਤੇ ਬਰਾਬਰ ਵਿਵਹਾਰ" ਦੇ ਸਿਧਾਂਤ ਦੇ ਤਹਿਤ, ਵੋਟਰਾਂ ਨੂੰ ਵੋਟ ਪਾਉਣ ਲਈ ਕਤਾਰ ਵਿੱਚ ਖੜੇ ਹੋਣਾ ਚਾਹੀਦਾ ਹੈ। ਜੇ PRO ਇਸ ਗੱਲ ਤੋਂ ਸੰਤੁਸ਼ਟ ਹੈ ਕਿ ਇੱਕ ਵਿਅਕਤੀ ਜੋ ਮਤਦਾਨ ਕੇਂਦਰ 'ਤੇ ਪਹੁੰਚਣ ਵਾਲਾ ਜਾਂ ਹਾਜ਼ਰ ਵਿਅਕਤੀ ਹੇਠ ਲਿਖੇ ਵੇਰਵੇ ਦੇ ਅੰਦਰ ਆਉਂਦਾ ਹੈ,ਤਾਂ PRO ਉਸ ਵਿਅਕਤੀ ਨੂੰ ਬੈਲਟ ਪੇਪਰ ਲਈ ਅਰਜ਼ੀ ਦੇਣ ਲਈ ਨਿਰਧਾਰਤ ਖੇਤਰ ਜਾਂ ਕਤਾਰ ਦੇ ਅੰਤ ਵਿੱਚ ਤੁਰੰਤ ਅੱਗੇ ਵਧਣ ਦਾ ਨਿਰਦੇਸ਼ ਦੇਵੇਗਾ, ਜੇ ਉਸ ਖੇਤਰ ਵਿੱਚ ਕਤਾਰ ਲਗੀ ਹੋਈ ਹੈ –
    - ਜਿਸਦੀ ਉਮਰ* 70 ਸਾਲ ਤੋਂ ਘੱਟ ਨਹੀਂ ਹੈ ;
    - ਜੋ ਗਰਭਵਤੀ ਹੈ; ਜਾਂ
    - ਜੋ ਬੀਮਾਰੀ, ਸੱਟ, ਅਪਾਹਜਤਾ ਜਾਂ ਗਤੀਸ਼ੀਲਤਾ ਸਹਾਇਤਾ 'ਤੇ ਨਿਰਭਰਤਾ ਦੇ ਕਾਰਨ, ਲੰਬੇ ਸਮੇਂ ਤੱਕ

ਕਤਾਰ ਵਿੱਚ ਨਹੀਂ ਲੱਗ ਪਾਉਂਦਾ ਜਾਂ ਕਤਾਰ ਵਿੱਚ ਲੱਗਣ ਵਿੱਚ ਮੁਸ਼ਕਲ ਆਉਂਦੀ ਹੈ।

* ਹੇਠ ਲਿਖੇ ਵਿਅਕਤੀ ਸਮੇਤ –

  - ਜਿਸਦਾ ਦਸਤਾਵੇਜ਼ ਜਨਮ ਦੇ ਮਹੀਨੇ ਅਤੇ ਦਿਨ ਤੋਂ ਬਿਨਾਂ, ਉਸ ਵਿਅਕਤੀ ਦੇ ਜਨਮ ਦਾ ਸਾਲ ਜੋ ਵੋਟਾਂ ਵਾਲੇ ਦਿਨ ਪੈਣ ਵਾਲੇ ਸਾਲ ਤੋਂ 70 ਸਾਲ ਪਹਿਲਾਂ ਹੈ;
  - ਜਿਸ ਦਾ ਦਸਤਾਵੇਜ਼ ਜਨਮ ਦੇ ਦਿਨ ਤੋਂ ਬਿਨਾਂ, ਉਸ ਵਿਅਕਤੀ ਦੇ ਜਨਮ ਦਾ ਸਾਲ ਜੋ ਕਿ ਮਤਦਾਨ ਵਾਲੇ ਦਿਨ ਪੈਣ ਵਾਲੇ ਸਾਲ ਤੋਂ 70 ਸਾਲ ਪਹਿਲਾਂ ਹੁੰਦਾ ਹੈ ਅਤੇ ਵਿਅਕਤੀ ਦਾ ਜਨਮ ਦਾ ਮਹੀਨਾ ਜੋ ਉਸ ਮਹੀਨੇ ਦੇ ਬਰਾਬਰ ਹੁੰਦਾ ਹੈ ਜਿਸ ਦੇ ਅੰਦਰ ਮਤਦਾਨ ਦਾ ਦਿਨ ਆਉਂਦਾ ਹੈ।

- PRO ਉਪਰੋਕਤ ਵੋਟਰਾਂ ਨੂੰ ਮਤਦਾਨ ਕੇਂਦਰ ਦੇ ਅੰਦਰ ਆਰਾਮ ਕਰਨ ਲਈ ਬੈਠਣ ਦੀ ਜਗ੍ਹਾ ਵੀ ਨਿਰਧਾਰਿਤ ਕਰੇਗਾ, ਜੇ ਉਹ ਆਰਾਮ ਕਰਨਾ ਚਾਹੁੰਦੇ ਹਨ। ਆਰਾਮ ਤੋਂ ਬਾਅਦ, ਉਹ ਵੋਟਾਂ ਜਾਰੀ ਕਰਨ ਵਾਲੇ ਡੈਸਕ ਵੱਲ ਜਾਣ ਤੋਂ ਪਹਿਲਾਂ ਵਿਸ਼ੇਸ਼ ਕਤਾਰ ਵਿੱਚ ਖੜ੍ਹੇ ਹੋ ਸਕਦੇ ਹਨ।
- ਵੋਟ ਪਾਉਣ ਦੀ ਖੁਦਮੁਖਤਿਆਰੀ ਅਤੇ ਵੋਟਿੰਗ ਦੀ ਗੁਪਤਤਾ ਦੇ ਸਿਧਾਂਤਾਂ ਦੇ ਆਧਾਰ 'ਤੇ, ਕਾਨੂੰਨ ਕਿਸੇ ਨੂੰ ਵੀ (ਭਾਵੇਂ ਉਹ ਵੋਟਰ ਦਾ ਕੋਈ ਰਿਸ਼ਤੇਦਾਰ ਜਾਂ ਦੋਸਤ ਹੋਵੇ) ਵੋਟਰ ਨੂੰ ਵੋਟ ਪਾਉਣ ਲਈ ਨਾਲ ਜਾਣ ਜਾਂ ਸਹਾਇਤਾ ਕਰਨ ਤੋਂ ਰੋਕਦਾ ਹੈ। ਕਾਨੂੰਨ ਅਨੁਸਾਰ, ਇੱਕ ਵੋਟਰ ਜਿਸਨੂੰ ਖੁਦ ਵੋਟਾਂ ਦੀ ਨਿਸ਼ਾਨਦੇਹੀ ਕਰਨ ਵਿੱਚ ਮੁਸ਼ਕਿਲ ਆਉਂਦੀ ਹੈ, ਉਹ ਇੱਕ ਗਵਾਹ ਵਜੋਂ ਪੋਲਿੰਗ ਸਟਾਫ਼ ਦੀ ਮੌਜੂਦਗੀ ਵਿੱਚ PRO ਜਾਂ PRO ਦੇ ਨੁਮਾਇੰਦੇ ਤੋਂ ਮਦਦ ਲੈ ਸਕਦਾ ਹੈ, ਤਾਂ ਜੋ ਉਹ ਆਪਣੀ ਵੋਟ ਦੀ ਚੋਣ ਅਨੁਸਾਰ ਆਪਣੀ ਤਰਫ਼ੋਂ ਵੋਟਾਂ ਦੀ ਨਿਸ਼ਾਨਦੇਹੀ ਕਰ ਸਕੇ। PRO ਨੂੰ ਕੰਮ ਦੀ ਆਜ਼ਾਦੀ ਦੀ ਵਰਤੋਂ ਕਰਨ ਦੀ ਆਗਿਆ ਦਿੱਤੀ ਗਈ ਹੈ, ਜਿੱਥੇ ਉਚਿਤ ਹੋਵੇ, ਤਾਂ ਜੋ ਨਾਲ ਆਉਣ ਵਾਲੇ ਵਿਅਕਤੀਆਂ ਨੂੰ ਵੋਟਰਾਂ ਨਾਲ ਵਿਸ਼ੇਸ਼ ਕਤਾਰ ਦੀ ਵਰਤੋਂ ਕਰਨ ਦੀ ਆਗਿਆ ਦਿੱਤੀ ਜਾ ਸਕੇ ਜਿੰਨ੍ਹਾਂ ਨੂੰ ਸੱਚਮੁੱਚ ਦੂਜਿਆਂ ਨਾਲ ਜਾਣ ਦੀ ਲੋੜ ਹੁੰਦੀ ਹੈ।

**<u>ਵੋਟਰਾਂ ਲਈ ਚੈੱਕਲਿਸਟ</u>**

- ਭ੍ਰਿਸ਼ਟਾਚਾਰ ਵਿਰੁੱਧ ਸੁਤੰਤਰ ਕਮਿਸ਼ਨ ("ICAC") ਦੁਆਰਾ ਲਾਗੂ ਕੀਤਾ ਜਾਣ ਵਾਲੇ ਚੋਣ (ਭ੍ਰਿਸ਼ਟ ਅਤੇ ਗੈਰਕਨੂੰਨੀ ਵਿਵਹਾਰ) ਅਧਿਆਦੇਸ਼ (ਕੈਪ 554) ਦੇ ਅਨੁਸਾਰ, ਇੱਕ ਵੋਟਰ ਨੂੰ ਹਾਂਗਕਾਂਗ ਦੇ ਅੰਦਰ ਜਾਂ ਹੋਰ ਕਿਤੇ ਹੇਠ ਲਿਖੀਆਂ ਕਾਰਵਾਈਆਂ ਨਹੀਂ ਕਰਨੀਆਂ ਚਾਹੀਦੀਆਂ:

  - ਕਿਸੇ ਵੀ ਵਿਅਕਤੀ ਨੂੰ ਚੋਣ ਸਮੇਂ ਦੌਰਾਨ ਜਨਤਕ ਗਤੀਵਿਧੀਆਂ ਦੇ ਜ਼ਰੀਏ ਵੋਟਾਂ ਨਾ ਪਾਉਣ, ਖਾਲੀ ਜਾਂ ਅਵੈਧ ਵੋਟ ਲਈ ਉਕਸਾਉਂਣਾ।
  - ਜਾਣ -ਬੁੱਝ ਕੇ ਕਿਸੇ ਹੋਰ ਵਿਅਕਤੀ ਨੂੰ ਚੋਣਾਂ ਵਿੱਚ ਵੋਟ ਪਾਉਣ ਤੋਂ ਰੋਕਦਾ ਅਤੇ ਰੁਕਾਵਟ ਪਾਉਣਾ।
  - ਚੋਣ ਵਿਚ ਵੋਟ ਨਾ ਪਾਉਣ ਲਈ, ਜਾਂ ਕਿਸੇ ਖਾਸ ਉਮੀਦਵਾਰ ਨੂੰ ਵੋਟ ਪਾਉਣ ਜਾਂ ਵੋਟ ਨਾ ਪਾਉਣ ਲਈ ਕਿਸੇ ਵੀ ਵਿਅਕਤੀ ਤੋਂ ਖਾਣ, ਪੀਣ ਜਾਂ ਮਨੋਰੰਜਨ (ਪੈਸੇ, ਤੋਹਫੇ, ਆਦਿ ਸਮੇਤ), ਦੀ ਬੇਨਤੀ ਕਰਨਾ ਜਾਂ ਸਵੀਕਾਰ ਕਰਨਾ।
  - ਚੋਣ ਵਿੱਚ ਵੋਟ ਨਾ ਪਾਉਣ ਲਈ ਜਾਂ ਕਿਸੇ ਇੱਕ ਵਿਸ਼ੇਸ਼ ਉਮੀਦਵਾਰ ਜਾਂ ਵਿਸ਼ੇਸ਼ ਉਮੀਦਵਾਰਾਂ ਨੂੰ ਵੋਟ ਪਾਉਣ ਲਈ ਜਾਂ ਨਾ ਪਾਉਣ ਲਈ ਕਿਸੇ ਇੱਕ ਵਿਅਕਤੀ ਨੂੰ ਕੋਈ ਮੁਨਾਫ਼ਾ (ਪੈਸਾ, ਉਪਹਾਰ, ਆਦਿ ਸਮੇਤ), ਖਾਣਾ, ਪਾਣੀ ਜਾਂ ਮਨੋਰੰਜਨ ਪੇਸ਼ ਕਰਨਾ।
  - ਕਿਸੇ ਵੀ ਵਿਅਕਤੀ ਖਿਲਾਫ ਵੋਟ ਪਾਉਣ ਜਾਂ ਵੋਟ ਨਾ ਪਾਉਣ ਲਈ, ਜਾਂ ਕਿਸੇ ਖਾਸ ਉਮੀਦਵਾਰ ਨੂੰ ਵੋਟ ਪਾਉਣ ਜਾਂ ਵੋਟ ਨਾ ਪਾਉਣ ਲਈ ਪ੍ਰੇਰਿਤ ਕਰਨ ਲਈ ਤਾਕਤ ਜਾਂ ਕਠੋਰਤਾ ਦੀ ਵਰਤੋਂ ਕਰਨਾ ਜਾਂ ਧਮਕੀ

ਦੇਣਾ।

- ਵੋਟ ਨਾ ਪਾਉਣ ਲਈ ਧੋਖੇ ਨਾਲ ਪ੍ਰੇਰਿਤ ਕਰਨਾ, ਜਾਂ ਕਿਸੇ ਚੋਣ ਵੇਲੇ ਵੋਟ ਨਾ ਪਾਉਣ, ਜਾਂ ਵਿਘਨ ਪਾਉਣਾ ਜਾਂ ਕਿਸੇ ਵੀ ਵਿਅਕਤੀ ਨੂੰ ਧੋਖੇ ਨਾਲ ਚੋਣ ਵਿੱਚ ਵੋਟ ਪਾਉਣ ਤੋਂ ਰੋਕਣਾ।
- ਇਹ ਜਾਣਕਾਰੀ ਹੁੰਦੇ ਹੋਏ ਵੀ ਕਿ ਤੁਸੀਂ ਇਸ ਦੇ ਹੱਕਦਾਰ ਨਹੀਂ ਹੋ ਤਾਂ ਵੀ ਵੋਟ ਪਾਉਣਾ।
- ਕਿਸੇ ਚੋਣ ਅਧਿਕਾਰੀ ਨੂੰ ਜਾਣ ਬੁੱਝ ਕੇ ਜਾਂ ਲਾਪਰਵਾਹੀ ਨਾਲ ਗ਼ਲਤ ਜਾਂ ਗੁੰਮਰਾਹ ਕਰਨ ਵਾਲੀ ਜਾਣਕਾਰੀ (ਜਿਵੇਂ ਕਿ ਝੂਠਾ ਪ੍ਰਮੁੱਖ ਰਿਹਾਇਸ਼ੀ ਪਤਾ) ਦੇਣ ਤੋਂ ਬਾਅਦ ਕਿਸੇ ਚੋਣ ਵਿਚ ਵੋਟ ਪਾਉਣਾ।

ਮਤਦਾਨ ਕੇਂਦਰ ਵਿੱਚ ਹੇਠ ਲਿਖੀਆਂ ਕਾਰਵਾਈਆਂ ਦੀ ਵੀ ਮਨਾਹੀ ਹੈ:

- ਦੂਸਰੇ ਵੋਟਰਾਂ ਨਾਲ ਗੱਲਬਾਤ ਕਰਨਾ ਜਿਸ ਵਿੱਚ ਬੈਲਟ ਪੇਪਰ ਤੇ ਆਪਣੀ ਵੋਟ ਦੂਸਰਿਆਂ ਨੂੰ ਦਿਖਾਉਣਾ ਜਾਂ ਇਲੈਕਟ੍ਰਾਨਿਕ ਸੰਚਾਰ ਲਈ  ਮੋਬਾਈਲ ਟੈਲੀਫੋਨ ਜਾਂ ਕੋਈ ਹੋਰ ਉਪਕਰਣ ਦਾ ਇਸਤੇਮਾਲ ਕਰਨਾ ਸ਼ਾਮਲ ਹੈ।
- ਬਣਾਉਣਾ, ਫੋਟੋਆਂ ਲੈਣਾ ਜਾਂ ਕੋਈ ਆਡੀਓ ਜਾਂ ਵੀਡੀਓ ਰਿਕਾਰਡਿੰਗ ਕਰਨਾ।
- ਦੂਜੇ ਵੋਟਰਾਂ ਨੂੰ ਆਪਣੇ ਬੈਲਟ ਪੇਪਰ ਤੇ ਨਿਸ਼ਾਨ ਲਗਾਉਣ ਲਈ ਕਹਿਣਾ। ਜੇ ਜਰੂਰੀ ਹੋਵੇ, ਕਾਨੂੰਨ ਦੇ ਅਨੁਸਾਰ ਤੁਸੀਂ PRO ਨੂੰ ਮਤਦਾਨ ਅਫਸਰ ਦੀ ਮੌਜੂਦਗੀ ਵਿੱਚ ਆਪਣੇ ਬੈਲਟ ਪੇਪਰ ਤੇ ਨਿਸ਼ਾਨ ਲਗਾਉਣ ਲਈ ਕਹਿ ਸਕਦੇ ਹੋ।
- ਆਪਣੀ ਵੋਟ ਪਾਉਣ ਆਏ ਹੋਰ ਵੋਟਰਾਂ ਵਿੱਚ ਦਖਲਅੰਦਾਜ਼ੀ ਕਰਨਾ।

- ICAC ਦੀ ਸ਼ੁੱਧ ਚੋਣ 'ਤੇ ਇੱਕ ਸਮਰਪਿਤ ਵੈਬਸਾਈਟ ਹੈ ਅਤੇ ਸੰਬੰਧਿਤ ਜਾਣਕਾਰੀ (ਅੰਗਰੇਜ਼ੀ ਅਤੇ ਚੀਨੀ ਦੋਨਾਂ ਵਿੱਚ) ਮੁਹੱਈਆ ਕਰਦੀ ਹੈ। ਕਿਰਪਾ ਕਰਕੇ www.icac.org.hk/elections ਵੇਖੋ।

**<u>ਮਤਦਾਨ ਕੇਂਦਰਾਂ ਅਤੇ ਕੇਂਦਰੀ ਗਿਣਤੀ ਕੇਂਦਰ ਵਿੱਚ ਕੋਵਿਡ-19 ਤੋਂ ਬਚਾਅ ਲਈ ਮਹਾਂਮਾਰੀ ਵਿਰੋਧੀ ਉਪਾਅ</u>**

- ਕੋਵਿਡ-19 ਦੇ ਫੈਲਣ ਨੂੰ ਰੋਕਣ ਲਈ, REO ਹੇਠ ਲਿਖੇ ਪ੍ਰਬੰਧਾਂ ਨੂੰ ਲਾਗੂ ਕਰੇਗਾ :

**ਮਤਦਾਨ ਕੇਂਦਰ**

- ECC ਮਤਦਾਨ ਕੇਂਦਰ ਦੇ ਸਾਰੇ ਮਤਦਾਨ ਸਟਾਫ ਨੂੰ ਸਰਜੀਕਲ ਮਾਸਕ ਪਹਿਨਣੇ ਜ਼ਰੂਰੀ ਹਨ। ਵੱਖ-ਵੱਖ ਸਟਾਫ ਅਤੇ ਵੋਟਰਾਂ ਲਈ ਬੈਲਟ ਪੇਪਰ ਜਾਰੀ ਕਰਨ ਵਾਲੇ ਡੈਸਕਾਂ, PRO ਡੈਸਕ ਆਦਿ 'ਤੇ ਪਾਰਦਰਸ਼ੀ ਵਿਭਾਜਕ ਲਗਾਏ ਜਾਣਗੇ।
- ਮਤਦਾਤਾਂਵਾਂ ਨੂੰ ਆਪਣੀ ਵੋਟ ਪਾਉਣ ਲਈ ਪੰਜ EC ਸੈਕਟਰਾਂ ਦੇ ਅਨੁਸਾਰ ਵੱਖ-ਵੱਖ ਨਿਰਧਾਰਤ ਸਮੇਂ ਦਿੱਤੇ ਜਾਣਗੇ।
- ਵੋਟਰਾਂ, ਉਮੀਦਵਾਰਾਂ ਅਤੇ ਉਨ੍ਹਾਂ ਦੇ ਏਜੰਟਾਂ ਨੂੰ ਆਪਣੇ ਖੁਦ ਦੇ ਮਾਸਕ ਪਹਿਨਣ ਅਤੇ ECC ਮਤਦਾਨ ਕੇਂਦਰ ਵਿੱਚ ਦਾਖਲ ਹੋਣ ਤੋਂ ਪਹਿਲਾਂ ਪ੍ਰਵੇਸ਼ ਦੁਆਰ 'ਤੇ ਪ੍ਰਦਾਨ ਕੀਤੇ ਗਏ ਹੈਂਡ ਸੈਨੀਟਾਈਜ਼ਰਾਂ ਨਾਲ ਆਪਣੇ ਹੱਥਾਂ ਨੂੰ ਸਾਫ਼ ਕਰਨ ਦੀ ਲੋੜ ਹੋਵੇਗੀ।
- ਮਤਦਾਨ ਕੇਂਦਰਾਂ 'ਤੇ ਪਹੁੰਚਣ ਵਾਲੇ ਵੋਟਰਾਂ, ਉਮੀਦਵਾਰਾਂ ਅਤੇ ਏਜੰਟਾਂ ਦੇ ਸਰੀਰ ਦੇ ਤਾਪਮਾਨ ਦੀ ਜਾਂਚ ਕਰਨ ਲਈ ਸਾਰੇ ਮਤਦਾਨ ਕੇਂਦਰਾਂ 'ਤੇ ਇਲੈਕਟ੍ਰੌਨਿਕ ਥਰਮਾਮੀਟਰ ਲਗਾਏ ਗਏ ਹਨ।

- ਸਾਰੇ ਮਤਦਾਨ ਸਟਾਫ ਨੂੰ ਮਤਦਾਨ ਵਾਲੇ ਦਿਨ ਸਵੇਰੇ ਕੋਵਿਡ -19 ਰੈਪਿਡ ਐਂਟੀਜਨ ਟੈਸਟ ਕਰਨਾ ਹੋਵੇਗਾ ਅਤੇ ਮਤਦਾਨ ਕੇਂਦਰਾਂ 'ਤੇ ਕੰਮ ਲਈ ਰਿਪੋਰਟ ਕਰਨ ਤੋਂ ਪਹਿਲਾਂ ਨੈਗੇਟਿਵ ਨਤੀਜਾ ਪ੍ਰਾਪਤ ਕਰਨਾ ਹੋਵੇਗਾ। ਬੁਖਾਰ ਜਾਂ ਸਾਹ ਦੇ ਲੱਛਣਾਂ ਵਾਲੇ, ਜਾਂ ਸਵਾਦ/ਸੁਗੰਧ ਦੇ ਅਚਾਨਕ ਚਲੇ ਜਾਣ ਵਾਲੇ ਮਤਦਾਨ ਸਟਾਫ ਨੂੰ ਚੋਣ ਡਿਉਟੀਆਂ ਨਿਭਾਉਣ ਦੀ ਇਜਾਜ਼ਤ ਨਹੀਂ ਹੋਵੇਗੀ ਜਦੋਂ ਕਿ ਉਮੀਦਵਾਰਾਂ/ਏਜੰਟਾਂ ਨੂੰ ਮਤਦਾਨ ਕੇਂਦਰਾਂ ਵਿੱਚ ਦਾਖਲ ਹੋਣ ਦੀ ਇਜਾਜ਼ਤ ਨਹੀਂ ਹੋਵੇਗੀ ਪਰ ਉਮੀਦਵਾਰ ਕਿਸੇ ਹੋਰ ਪ੍ਰਤੀਨਿਧੀ ਨੂੰ ਪੋਲ ਦਾ ਨਿਰੀਖਣ ਕਰਨ ਦਾ ਅਧਿਕਾਰ ਦੇ ਸਕਦੇ ਹਨ।
- ਬੁਖਾਰ ਜਾਂ ਸਾਹ ਦੇ ਲੱਛਣ ਜਾਂ ਸਵਾਦ/ ਸੁਗੰਧ ਦੇ ਅਚਾਨਕ ਚਲੇ ਜਾਣ ਵਾਲੇ ਵੋਟਰਾਂ ਨੂੰ ਮਤਦਾਨ ਕੇਂਦਰਾਂ ਵਿੱਚ ਨਿਰਧਾਰਤ ਕੰਪਾਰਟਮੈਂਟਾਂ 'ਤੇ ਵੋਟ ਪਾਉਣ ਲਈ ਨਿਯੁਕਤ ਕੀਤਾ ਜਾਵੇਗਾ।
- ਮਤਦਾਨ ਕੇਂਦਰਾਂ 'ਤੇ ਵੋਟਰਾਂ ਨੂੰ ਸਮਾਜਿਕ ਦੂਰੀ ਬਣਾਈ ਰੱਖਣ ਦੀ ਯਾਦ ਦਿਵਾਉਣ ਵਾਲੀਆਂ ਹੱਥ ਦੀਆਂ ਤਖ਼ਤੀਆਂ ਅਤੇ ਸੰਕੇਤ ਪ੍ਰਦਰਸ਼ਤ ਕੀਤੇ ਜਾਣਗੇ।

**ਕੇਂਦਰੀ ਗਿਣਤੀ ਕੇਂਦਰ**[1]

- ਕੇਂਦਰੀ ਗਿਣਤੀ ਕੇਂਦਰ ਦੇ ਸਾਰੇ ਸਟਾਫ ਨੂੰ ਸਰਜੀਕਲ ਮਾਸਕ ਅਤੇ ਦਸਤਾਨੇ ਪਾਉਣੇ ਜਰੂਰੀ ਹਨ। ਕੇਂਦਰੀ ਗਿਣਤੀ ਕੇਂਦਰ ਦੇ ਰਜਿਸਟਰੇਸ਼ਨ ਅਤੇ ਪੁੱਛਗਿੱਛ ਕਾਉਂਟਰਾਂ 'ਤੇ ਪਾਰਦਰਸ਼ੀ ਸੁਰੱਖਿਆ ਸਕ੍ਰੀਨਾਂ ਵੀ ਲਗਾਈਆਂ ਜਾਣਗੀਆਂ। ਜਨਤਕ ਗੈਲਰੀ ਲਈ ਵੱਧ ਤੋਂ ਵੱਧ ਸਮਰੱਥਾ ਵਾਲੇ ਮੀਡੀਆ ਸੈਂਟਰ ਵਿੱਚ ਸਮਾਜਿਕ ਦੂਰੀਆਂ ਦੇ ਉਪਾਅ ਸਖਤੀ ਨਾਲ ਲਾਗੂ ਕੀਤੇ ਜਾਣਗੇ।
- ਕੇਂਦਰੀ ਕਾਉਂਟਿੰਗ ਸਟੇਸ਼ਨ (EC ਮੈਂਬਰਾਂ ਸਮੇਤ) ਵਿੱਚ ਦਾਖਲ ਹੋਣ ਵਾਲੇ ਜਾਂ ਰਹਿਣ ਵਾਲੇ ਸਾਰੇ ਵਿਅਕਤੀਆਂ ਨੂੰ ਛੱਡ ਕੇ, ਜਿਨ੍ਹਾਂ ਕੋਲ ਵਿਸ਼ੇਸ਼ ਮੈਡੀਕਲ ਛੋਟ ਸਰਟੀਫਿਕੇਟ ਹਨ ਜਾਂ ਹੋਰ ਛੋਟ ਪ੍ਰਾਪਤ ਵਿਅਕਤੀਆਂ ਨੂੰ ਛੱਡ ਕੇ, ਸੰਬੰਧਿਤ "ਵੈਕਸੀਨ ਪਾਸ" ਲੋੜਾਂ ਦੇ ਨਾਲ ਉਹਨਾਂ ਨੂੰ COVID-19 ਵੈਕਸੀਨ ਦੀਆਂ ਘੱਟੋ-ਘੱਟ 3 ਖੁਰਾਕਾਂ ਪ੍ਰਾਪਤ ਕਰਨ ਅਤੇ ਪਾਲਣਾ ਕਰਨ ਦੀ ਲੋੜ ਹੋਵੇਗੀ।
- ਸਾਰੇ ਮਤਦਾਨ ਸਟਾਫ ਨੂੰ ਮਤਦਾਨ ਵਾਲੇ ਦਿਨ ਸਵੇਰੇ ਕੋਵਿਡ -19 ਰੈਪਿਡ ਐਂਟੀਜਨ ਟੈਸਟ ਕਰਨਾ ਹੋਵੇਗਾ ਅਤੇ ਕੇਂਦਰੀ ਗਿਣਤੀ ਕੇਂਦਰ 'ਤੇ ਕੰਮ ਲਈ ਰਿਪੋਰਟ ਕਰਨ ਤੋਂ ਪਹਿਲਾਂ ਨੈਗੇਟਿਵ ਨਤੀਜਾ ਪ੍ਰਾਪਤ ਕਰਨਾ ਹੋਵੇਗਾ। ਬੁਖਾਰ ਜਾਂ ਸਾਹ ਦੇ ਲੱਛਣਾਂ ਵਾਲੇ, ਜਾਂ ਸਵਾਦ/ਸੁਗੰਧ ਦੇ ਅਚਾਨਕ ਚਲੇ ਜਾਣ ਵਾਲੇ ਗਿਣਤੀ ਸਟਾਫ ਨੂੰ ਚੋਣ ਡਿਉਟੀਆਂ ਨਿਭਾਉਣ ਦੀ ਇਜਾਜ਼ਤ ਨਹੀਂ ਹੋਵੇਗੀ।
- ਬੁਖਾਰ ਵਾਲੇ ਵਿਅਕਤੀਆਂ ਦੀ ਜਾਂਚ ਕਰਨ ਲਈ ਵੋਟਰਾਂ, ਉਮੀਦਵਾਰਾਂ/ ਏਜੰਟਾਂ ਦੇ ਸਰੀਰ ਦੇ ਤਾਪਮਾਨ ਦੀ ਜਾਂਚ ਕਰਨ ਲਈ ਕੇਂਦਰੀ ਗਿਣਤੀ ਕੇਂਦਰ'ਤੇ ਇਲੈਕਟ੍ਰੋਨਿਕ ਥਰਮਾਮੀਟਰ ਸਥਾਪਤ ਕੀਤੇ ਗਏ ਹਨ। ਬੁਖਾਰ ਜਾਂ ਸਾਹ ਦੇ ਲੱਛਣ ਵਾਲੇ ਕਿਸੇ ਵੀ ਵਿਅਕਤੀ, ਜਾਂ ਸਵਾਦ/ਸੁਗੰਧ ਦੇ ਅਚਾਨਕ ਚਲੇ ਜਾਣ ਵਾਲੇ ਨੂੰ ਗਿਣਤੀ ਕੇਂਦਰਾਂ ਵਿੱਚ ਦਾਖਲ ਨਹੀਂ ਹੋਣ ਦਿੱਤਾ ਜਾਵੇਗਾ। ਜੇ ਉਮੀਦਵਾਰਾਂ/ ਏਜੰਟਾਂ ਨੂੰ ਬੁਖਾਰ ਜਾਂ ਸਾਹ ਦੇ ਲੱਛਣ ਹਨ, ਜਾਂ ਸਵਾਦ/ਸੁਗੰਧ ਅਚਾਨਕ ਚਲੇ ਜਾਂਦਾ ਹੈ, ਤਾਂ ਉਮੀਦਵਾਰ ਗਿਣਤੀ ਨੂੰ ਵੇਖਣ ਲਈ ਕਿਸੇ ਹੋਰ ਪ੍ਰਤੀਨਿਧੀ ਨੂੰ ਅਧਿਕਾਰਤ ਕਰ ਸਕਦੇ ਹਨ।
- ਹੈਂਡ ਸੈਨੀਟਾਈਜ਼ਰ ਕੇਂਦਰੀ ਗਿਣਤੀ ਕੇਂਦਰ ਦੇ ਅੰਦਰ ਮੁਹੱਈਆ ਕਰਵਾਏ ਜਾਣਗੇ।
- REO ਕੇਂਦਰੀ ਗਿਣਤੀ ਕੇਂਦਰ ਖੁੱਲਣ ਤੋਂ ਪਹਿਲਾਂ ਕੇਂਦਰੀ ਗਿਣਤੀ ਕੇਂਦਰ ਵਿੱਚ ਗੈਰ-ਧਾਤੂ ਸਤਹ ਫਰਨੀਚਰ (ਜਿਵੇਂ ਕਿ ਗਿਣਤੀ ਡੈਸਕ, ਰਿਸੈਪਸ਼ਨ ਕਾਉਂਟਰ, ਕੁਰਸੀਆਂ, ਆਦਿ।) ਨੂੰ ਰੋਗਾਣੂ ਮੁਕਤ ਕਰਨ ਲਈ ਪਤਲੇ ਬਲੀਚ ਦੀ ਵਰਤੋਂ ਕਰਨ ਦਾ ਪ੍ਰਬੰਧ ਕਰੇਗਾ।

[1] ਕੇਂਦਰੀ ਗਿਣਤੀ ਕੇਂਦਰ ਲਈ ਪ੍ਰਸਤਾਵਿਤ ਸੁਰੱਖਿਆ ਉਪਾਅ ਮੀਡੀਆ ਕੇਂਦਰ ਲਈ ਵੀ ਅਪਣਾਏ ਜਾਣਗੇ।